# *Criminal Investigation (Identifying People) Act 2002 (the CIIPA)*
# *ਅਪਰਾਧੀ ਜਾਂਚ-ਪੜਤਾਲ (ਲੋਕਾਂ ਦੀ ਪਛਾਣ ਕਰਨ ਦਾ) ਅਧਿਨਿਯਮ 2002 (the CIIPA)*

ਨਵੰਬਰ 2013 ਵਿੱਚ, ਵੈਸਟਰਨ ਆਸਟਰੇਲੀਆ ਦੀ ਸਰਕਾਰ ਨੇ ***Criminal Investigation (Identifying People) Amendment Act 2013 (ਅਪਰਾਧੀ ਜਾਂਚ-ਪੜਤਾਲ [ਲੋਕਾਂ ਦੀ ਪਛਾਣ ਕਰਨ ਦੇ] ਸੰਸ਼ੋਧਨ ਅਧਿਨਿਯਮ 2013)*** ਨੂੰ ਪਾਸ ਕੀਤਾ। CIIPA ਦੇ ਸੈਕਸ਼ਨ (ਧਾਰਾ) 16 ਵਿੱਚ ਇੱਕ ਨਵਾਂ ਅਧਿਕਾਰ ਸ਼ਾਮਲ ਕੀਤਾ ਗਿਆ ਹੈ। CIIPA ਵਿੱਚ ਮੌਜੂਦ ਇਸ ਨਵੇਂ ਅਧਿਕਾਰ ਦਾ ਉਦੇਸ਼ ਪੁਲਿਸ ਅਫਸਰਾਂ ਨੂੰ ਇਸ ਯੋਗ ਬਣਾਉਣਾ ਹੈ ਕਿ ਉਹ ਕਿਸੇ ਵਿਅਕਤੀ ਦੇ ਚਿਹਰੇ ਦੇ ਕਵਰ ਨੂੰ ਹਟਾਉਣਾ ਜਾਂ ਕੋਈ ਅਜਿਹਾ ਕਦਮ ਚੁੱਕਣਾ ਲਾਜ਼ਮੀ ਬਣਾ ਸਕਣ ਜਿਹੜਾ ਪੁਲਿਸ ਅਫਸਰ ਨੂੰ ਪਛਾਣ ਦੇ ਉਦੇਸ਼ਾਂ ਲਈ ਵਿਅਕਤੀ ਦੇ ਚਿਹਰੇ ਨੂੰ ਦੇਖਣ ਦੇ ਯੋਗ ਬਣਾ ਸਕੇ।

ਨਿਊ ਸਾਊਥ ਵੇਲਸ ਵਿੱਚ ਇੱਕ ਔਰਤ ਜਿਸਨੇ ਬੁਰਕਾ ਪਾਇਆ ਹੋਇਆ ਸੀ ਉਸ ਨਾਲ ਸੰਬੰਧਤ ਇੱਕ ਕਾਫੀ ਪ੍ਰਚਾਰਤ ਵਾਰਦਾਤ ਦੇ ਬਾਅਦ ਵੈਸਟਰਨ ਆਸਟਰੇਲੀਆ ਦੀ ਪੁਲਿਸ ਨੇ ਲੋਕਾਂ ਦੀ ਪਛਾਣ ਕਰਨ ਦੇ ਆਪਣੇ ਅਧਿਕਾਰਾਂ ਦੀ ਸਮੀਖਿਆ ਕੀਤੀ ਜਿਸ ਕਰਕੇ ਮੀਡੀਆ ਨੇ ਇਸ ਕਾਨੂੰਨ ਸੰਸ਼ੋਧਨ ਨੂੰ "ਬੁਰਕਾ ਕਾਨੂੰਨ" ਕਰਾਰ ਦਿੰਦੇ ਹੋਏ ਇਸ ਉੱਤੇ ਧਿਆਨ ਕੇਂਦਰਿਤ ਕੀਤਾ ਹੈ। ਇਹ ਪਤਾ ਲਗਿਆ ਕਿ ਵੈਸਟਰਨ ਆਸਟਰੇਲੀਆ ਦੇ ਕਾਨੂੰਨ ਵਿੱਚ ਕੁਝ ਪਰਿਸਥਿਤੀਆਂ ਅਤੇ ਕਮੀਆਂ ਸਨ ਜੋ ਲੋਕਾਂ ਦੀ ਚੰਗੀ ਤਰ੍ਹਾਂ ਪਛਾਣ ਕਰਨ ਦੀ ਪੁਲਿਸ ਦੀ ਯੋਗਤਾ ਨੂੰ ਸੀਮਿਤ ਕਰਦੀਆਂ ਸਨ।

ਇਸ ਸੰਸ਼ੋਧਨ ਦੁਆਰਾ ਇਹਨਾਂ ਕਮੀਆਂ ਵੱਲ ਧਿਆਨ ਦਿੱਤਾ ਗਿਆ ਹੈ।

## ਕਾਨੂੰਨ

ਸੈਕਸ਼ਨ (ਧਾਰਾ) 16(4A) CIIPA ਪੁਲਿਸ ਨੂੰ ਇਹ ਅਧਿਕਾਰ ਦਿੰਦੀ ਹੈ ਕਿ ਉਹ ਕਿਸੇ ਵਿਅਕਤੀ ਦੁਆਰਾ ਉਸਦੇ ਚਿਹਰੇ ਨੂੰ ਕਵਰ ਕਰਦੇ (ਢੱਕਦੇ) ਕਪੜੇ ਨੂੰ ਹਟਾਉਣ ਜਾਂ ਠੀਕ ਕਰਨ ਲਈ ਬੇਨਤੀ ਕਰਨ, ਜਾਂ ਉਸ ਵਿਅਕਤੀ ਨੂੰ ਕੋਈ ਹੋਰ ਵਾਜਬ ਕਦਮ ਚੁੱਕਣ ਲਈ ਬਿਨੈ ਕਰਨ ਤਾਂਜੋ ਅਫਸਰ ਉਸ ਵਿਅਕਤੀ ਦਾ ਚਿਹਰਾ ਦੇਖ ਸਕੇ ਜਾਂ ਦਿੱਤੇ ਗਏ ਕਿਸੇ ਨਿਜੀ ਵੇਰਵੇ ਦੀ ਸੱਚਾਈ ਨੂੰ ਪ੍ਰਮਾਣਿਤ ਕਰ ਸਕੇ।

## ਪਰਿਭਾਸ਼ਾ

ਚਿਹਰੇ ਨੂੰ ਕਵਰ ਕਰਨ (ਢੱਕਣ) ਦੀ ਪਰਿਭਾਸ਼ਾ ਬਹੁਤ ਵਿਸਤ੍ਰਿਤ ਹੈ ਅਤੇ ਇਸ ਵਿੱਚ ਵਿਅਕਤੀ ਦੁਆਰਾ ਪਹਿਨੀ ਕੋਈ ਵੀ ਅਜਿਹੀ ਚੀਜ਼ ਸ਼ਾਮਲ ਹੈ ਜਿਹੜੀ ਪੂਰੀ ਤਰ੍ਹਾਂ ਜਾਂ ਆਂਸ਼ਿਕ ਰੂਪ ਨਾਲ ਵਿਅਕਤੀ ਦੇ ਚਿਹਰੇ ਨੂੰ ਢੱਕਦੀ ਹੋਵੇ। ਇਸ ਦੀਆਂ ਉਦਾਹਰਨਾਂ ਵਿੱਚ ਹੈਟ (ਟੋਪੀਆਂ), ਹੇਲਮੇਟ, ਅਤੇ ਧੁੱਪ ਦੇ ਚਸ਼ਮੇ ਜਾਂ ਚਿਹਰੇ ਦੇ ਨਕਾਬ (ਮਾਸਕ) ਸ਼ਾਮਲ ਹਨ। ਇਸ ਵਿੱਚ ਉਹ ਵਿਅਕਤੀ ਵੀ ਸ਼ਾਮਲ ਹੈ ਜਿਸਨੇ ਫੇਸ ਪੇਂਟ ਜਾਂ ਮੇਕ ਅਪ (ਸ਼ਿੰਗਾਰ) ਲਾਇਆ ਹੋਵੇ ਜੋ ਉਸ ਵਿਅਕਤੀ ਦੇ ਰੰਗ-ਰੂਪ ਨੂੰ ਬਦਲਦਾ ਹੋਵੇ ਜਾਂ ਉਸ ਵਿਅਕਤੀ ਦੇ ਚਿਹਰੇ ਦੇ ਕਿਸੇ ਪਛਾਣ ਯੋਗ ਨੈਣ-ਨਕਸ਼ ਨੂੰ ਲੁਕਾਉਂਦਾ ਹੋਵੇ।

# ਆਮ ਸਵਾਲ

## ਪੁਲਿਸ ਮੇਰੇ ਤੋਂ ਮੇਰੇ ਚਿਹਰੇ ਦੇ ਕਵਰ ਨੂੰ ਹਟਾਉਣ ਲਈ ਬੇਨਤੀ ਕੱਦੋਂ ਕਰ ਸਕਦੀ ਹੈ?

*Criminal Investigation (Identifying People) Act 2002* ਦਾ ਸੈਕਸ਼ਨ (ਧਾਰਾ) ਕਿਸੀ ਅਫਸਰ ਨੂੰ ਉਹਨਾਂ ਹਾਲਤਾ ਵਿੱਚ ਕਿਸੇ ਵਿਅਕਤੀ ਦੇ ਨਿਜੀ ਵੇਰਵੇ ਦੀ ਬੇਨਤੀ ਕਰਨ ਅਤੇ ਇਸਦੇ ਬਾਅਦ ਉਸ ਵਿਅਕਤੀ ਦਾ ਚਿਹਰਾ ਦੇਖਣ ਦਾ ਬਿਨੈ ਕਰਨ ਦੀ ਇਜ਼ਾਜ਼ਤ ਦਿੰਦਾ ਹੈ, ਜਦੋਂ ਅਫਸਰ ਨੂੰ ਜਾਇਜ਼ ਤੌਰ ਤੇ ਇਹ ਸ਼ੱਕ ਹੋਵੇ ਕਿ:

- ਉਸ ਵਿਅਕਤੀ ਨੇ ਕੋਈ ਅਪਰਾਧ ਕੀਤਾ ਹੈ, ਅਪਰਾਧ ਕਰ ਰਿਹਾ ਹੈ ਜਾਂ ਕਰਨ ਵਾਲਾ ਹੈ; ਜਾਂ
- ਉਹ ਵਿਅਕਤੀ ਕਿਸੇ ਅਪਰਾਧ ਜਾਂ ਸੰਦਿਗਧ ਅਪਰਾਧ ਦੀ ਜਾਂਚ ਵਿੱਚ ਮਦਦ ਕਰਨ ਵਿੱਚ ਸਮੱਰਥ ਹੋ ਸਕਦਾ ਹੈ।

ਵਿਹਾਰਿਕ ਤੌਰ ਤੇ, ਇਸ ਨਾਲ ਅਫਸਰ ਚਿਹਰੇ ਦੇ ਕਵਰ ਨੂੰ ਹਟਾਉਣ ਜਾਂ ਠੀਕ ਕਰਨ ਨੂੰ ਲਾਜ਼ਮੀ ਬਣਾਉਣ ਲਈ ਯੋਗ ਹੋਣਗੇ ਫਿਰ ਭਾਵੇਂ ਬੇਨਤੀ ਕਿਸੇ ਗੰਭੀਰ ਜਾਂ ਮਾਮੂਲੀ ਅਪਰਾਧ ਦੇ ਸੰਬੰਧ ਵਿੱਚ ਕੀਤੀ ਗਈ ਹੋਵੇ ਅਤੇ ਨਾਲ ਹੀ ਉਸ ਪਰਿਸਥਿਤੀ ਵਿੱਚ ਵੀ ਜਦੋਂ ਕਿਸੇ ਵਿਅਕਤੀ ਨੂੰ ਸਪੀਡਿੰਗ ਵਰਗੇ ਮਾਮੂਲੀ ਟਰੈਫਿਕ ਅਪਰਾਧ ਲਈ ਸਮਨਜ਼ (ਸੱਦਾ) ਜਾਂ ਉਲੰਘਣਾ ਨੋਟਿਸ ਦਿੱਤਾ ਗਿਆ ਹੋਵੇ।

## ਜਦੋਂ ਮੈਥੋਂ ਆਪਣੇ ਚਿਹਰੇ ਦੇ ਕਵਰ ਨੂੰ ਹਟਾਉਣ ਦੀ ਬੇਨਤੀ ਕੀਤੀ ਜਾਂਦੀ ਹੈ ਤਾਂ ਮੇਰੀਆਂ ਜ਼ੁੰਮੇਵਾਰੀਆਂ ਕੀ ਹੁੰਦੀਆਂ ਹਨ?

ਤੁਹਾਡੇ ਲਈ ਇਹ ਜ਼ਰੂਰੀ ਹੈ ਕਿ ਤੁਸੀਂ ਆਪਣੇ ਚਿਹਰੇ ਦੇ ਕਵਰ ਨੂੰ ਹਟਾਉ ਜਾਂ ਠੀਕ ਕਰੋ ਤਾਂਜੋ ਪੁਲਿਸ ਅਫਸਰ ਨੂੰ ਤੁਹਾਡੀ ਪਛਾਣ ਕਰਨ ਵਿੱਚ ਮਦਦ ਮਿਲ ਸਕੇ। ਇਸ ਵਿੱਚ ਤੁਹਾਡੇ ਚਿਹਰੇ ਨੂੰ ਪੂਰੀ ਤਰ੍ਹਾਂ ਜਾਂ ਅੰਸ਼ਿਕ ਤੌਰ ਤੇ ਕਵਰ ਕਰਨ ਵਾਲੀ ਚੀਜ਼ ਨੂੰ ਹਟਾਉਣਾ ਜਾਂ ਠੀਕ ਕਰਨਾ ਸ਼ਾਮਲ ਹੋਵੇਗਾ।

ਪੁਲਿਸ ਅਫਸਰ ਕੇਵਲ ਉਸ ਹੱਦ ਤਕ ਹੀ ਤੁਹਾਨੂੰ ਚਿਹਰੇ ਦੇ ਕਵਰ ਨੂੰ ਹਟਾਉਣ ਜਾਂ ਠੀਕ ਕਰਨ ਦੀ ਬੇਨਤੀ ਕਰੇਗਾ ਜਿਹੜਾ ਤੁਹਾਡੀ ਪਛਾਣ ਕਰਨ ਲਈ ਜ਼ਰੂਰੀ ਹੋਵੇਗਾ। ਇਸ ਵਿੱਚ ਤੁਹਾਡਾ ਉਹ ਰੂਪ ਸ਼ਾਮਲ ਹੋ ਸਕਦਾ ਹੈ, ਜਿਸ ਵਿੱਚ ਡਰਾਇਵਰ ਲਾਇਸੈਂਸ ਜਾਂ ਪਾਸਪੋਰਟ ਵਰਗੇ ਕਿਸੀ ਮਨਜ਼ੂਰਸ਼ੁਦਾ ਅਤੇ ਜਾਇਜ਼ ਪਛਾਣ ਦਸਤਾਵੇਜ ਵਿੱਚ ਤੁਸੀਂ ਦਿੱਸਦੇ ਹੋਵੋ।

ਤੁਹਾਡੇ ਲਈ ਉਸ ਵੇਲੇ ਤਕ ਪੁਲਿਸ ਅਫਸਰ ਨਾਲ ਉਡੀਕ ਕਰਨੀ ਵੀ ਲਾਜ਼ਮੀ ਹੈ ਜਦੋਂ ਤਕ ਤੁਸੀਂ ਬੇਨਤੀ ਦੀ ਪਾਲਣਾ ਨਹੀਂ ਕਰ ਲੈਂਦੇ ਹੋ ਅਤੇ ਅਫਸਰ ਤੁਹਾਡੇ ਦੁਆਰਾ ਦਿੱਤੇ ਕਿਸੇ ਨਿਜੀ ਵੇਰਵੇ ਦੀ ਸੱਚਾਈ ਦਾ ਪ੍ਰਮਾਣੀਕਰਨ ਕਰਨ ਯੋਗ ਨਹੀਂ ਹੋ ਜਾਂਦਾ ਹੈ।

## ਜੇਕਰ ਮੈਂ ਆਪਣੇ ਡਰਾਇਵਿੰਗ ਲਾਇਸੈਂਸ ਜਾਂ ਪਾਸਪੋਰਟ ਦੀ ਫੋਟੋ ਵਿੱਚ ਵੱਖਰਾ/ਵੱਖਰੀ ਦਿਸਦਾ/ਦਿਸਦੀ ਹਾਂ, ਤਾਂ ਕੀ ਹੁੰਦਾ ਹੈ? ਕੀ ਪੁਲਿਸ ਮੇਰੇ ਡਰਾਇਵਿੰਗ ਲਾਇਸੈਂਸ ਜਾਂ ਪਾਸਪੋਰਟ ਫੋਟੋ ਨਾਲ ਮੇਰਾ ਮੇਲ ਕਰਨ ਲਈ ਕੇਵਲ ਮੈਨੂੰ ਮੇਰੇ ਚਹਿਰੇ ਤੋਂ ਕਵਰ ਹਟਾਉਣ ਜਾਂ ਠੀਕ ਕਰਨ ਲਈ ਬੇਨਤੀ ਕਰੇਗੀ?

ਜੇਕਰ ਉਸ ਵੇਲੇ, ਪੁਲਿਸ ਤੁਹਾਡੀ ਪਛਾਣ ਕਰਨ ਲਈ ਤੁਹਾਨੂੰ ਆਪਣੇ ਚਹਿਰੇ ਦਾ ਕਵਰ ਹਟਾਉਣ ਜਾਂ ਠੀਕ ਕਰਨ ਲਈ ਕਹਿੰਦੀ ਹੈ, ਤਾਂ ਪੁਲਿਸ ਇਸਦੀ ਬੇਨਤੀ ਕਰੇਗੀ। ਡਰਾਇਵਰ ਲਾਇਸੈਂਸ ਜਾਂ ਪਾਸਪੋਰਟ ਵਿੱਚ ਫੋਟੋ ਤੁਹਾਡੀ ਪਛਾਣ ਕਰਨ ਵਿੱਚ ਪੁਲਿਸ ਦੀ ਮਦਦ ਕਰ ਸਕਦੀ ਹੈ।

## ਕੀ ਮੈਂ ਇਹ ਬਿਨੈ ਕਰ ਸਕਦਾ/ਸਕਦੀ ਹਾਂ ਕਿ ਜਦੋਂ ਮੈਂ ਆਪਣੇ ਚਿਹਰੇ ਦਾ ਕਵਰ ਹਟਾਵਾਂ ਤਾਂ ਕੇਵਲ ਸਮਾਨ ਲਿੰਗ ਦਾ ਵਿਅਕਤੀ ਹੀ ਮੇਰੇ ਸਾਮ੍ਹਣੇ ਮੌਜੂਦ ਹੋਵੇ?

ਪੁਲਿਸ ਨੀਤੀ ਦੇ ਅਨੁਸਾਰ ਇਹ ਜ਼ਰੂਰੀ ਹੈ ਕਿ ਅਫਸਰ ਤੁਹਾਨੂੰ ਵਾਜਬ ਹੱਦ ਤਕ ਗੋਪਨੀਅਤਾ ਪ੍ਰਦਾਨ ਕਰੇ ਅਤੇ ਜੇਕਰ ਸਮਾਨ ਲਿੰਗ ਦਾ ਅਫਸਰ ਮੌਜੂਦ ਹੋਵੇ, ਤਾਂ ਕੇਵਲ ਉਹੀ ਅਫਸਰ ਪਹਿਚਾਣ ਪ੍ਰਕ੍ਰਿਆ ਨੂੰ ਪੂਰਾ ਕਰੇ।

ਕਾਰਵਾਈ ਸੰਬੰਧੀ ਕਾਰਨਾਂ ਲਈ ਅਤੇ ਵਿਹਾਰਿਕ ਤੌਰ ਤੇ ਹਰ ਪਰਿਸਥਿਤੀ ਵਿੱਚ ਕਿਸੇ ਮਹਿਲਾ ਅਫਸਰ ਦਾ ਮੌਜੂਦ ਹੋਣਾ ਸੰਭਵ ਨਹੀਂ ਹੋਵੇਗਾ।

## ਜੇਕਰ ਸਮਾਨ ਲਿੰਗ ਦਾ ਪੁਲਿਸ ਅਫਸਰ ਮੌਜੂਦ ਨਾ ਹੋਵੇ, ਤਾਂ ਕੀ ਫਿਰ ਵੀ ਮੇਰੇ ਲਈ ਬੇਨਤੀ ਦੀ ਪਾਲਣਾ ਕਰਨੀ ਜ਼ਰੂਰੀ ਹੈ?

ਹਾਂ, ਤੁਹਾਡੇ ਲਈ ਇਹ ਜ਼ਰੂਰੀ ਹੈ ਕਿ ਤੁਸੀਂ ਫਿਰ ਵੀ ਬੇਨਤੀ ਦੀ ਪਾਲਣਾ ਕਰੋ, ਪਰੰਤੂ ਪੁਲਿਸ ਨੀਤੀ ਅਨੁਸਾਰ ਇਹ ਲਾਜ਼ਮੀ ਹੈ ਕਿ ਅਫਸਰ ਤੁਹਾਡੀ ਆਨ ਅਤੇ ਗੋਪਨੀਅਤਾ ਦਾ ਸਤਕਾਰ ਕਰਨ ਲਈ ਸਾਰੇ ਵਾਜਬ ਕਦਮ ਚੱਕੇ ਅਤੇ ਜੇਕਰ ਸੁਰੱਖਿਆ ਕਾਰਨਾਂ ਦੀ ਲੋੜ ਨਾ ਹੋਵੇ, ਤਾਂ ਪਹਿਚਾਣ ਪ੍ਰਕ੍ਰਿਆ ਕੇਵਲ ਇੱਕ ਅਫਸਰ ਦੇ ਸਾਮ੍ਹਣੇ ਹੀ ਹੋਣੀ ਚਾਹੀਦੀ ਹੈ।

## ਮੇਰੀ ਗੋਪਨੀਅਤਾ ਬਾਰੇ ਕੀ ਹੁੰਦਾ ਹੈ?

ਬੇਨਤੀ ਕਰਨ ਵਾਲਾ ਪੁਲਿਸ ਅਫਸਰ ਪਰਿਸਥਿਤੀਆਂ ਮੁਤਾਬਕ ਤੁਹਾਨੂੰ ਵਾਜਬ ਹੱਦ ਤਕ ਗੋਪਨੀਅਤਾ ਪ੍ਰਦਾਨ ਕਰੇਗਾ। ਜੇਕਰ ਵਾਜਬ ਹੋਵੇ, ਤਾਂ ਪੁਲਿਸ ਅਫਸਰ ਵਧੇਰੀ ਗੋਪਨੀਅਤਾ ਦੀ ਤੁਹਾਡੀ ਬੇਨਤੀ ਨੂੰ ਸਵੀਕਾਰ ਕਰਣਗੇ, ਉਦਾਹਰਨ ਦੇ ਤੌਰ ਤੇ ਤੁਹਾਡੇ ਚਿਹਰੇ ਦੇ ਕਵਰ ਨੂੰ ਹਟਾਉਣ ਜਾਂ ਠੀਕ ਕਰਨ ਲਈ ਉਹ ਤੁਹਾਨੂੰ ਪੁਲਿਸ ਸਟੇਸ਼ਨ ਲੈ ਜਾ ਸਕਦੇ ਹਨ।

ਪਰੰਤੂ, ਜੇਕਰ ਪਰਿਸਥਿਤੀਆਂ ਵਿੱਚ ਗੋਪਨੀਅਤਾ ਦੀ ਤੁਹਾਡੀ ਬੇਨਤੀ ਨੂੰ ਪੂਰਾ ਨਾ ਕੀਤਾ ਜਾ ਸਕੇ, ਤਾਂ ਵੀ ਇਹ ਜ਼ਰੂਰੀ ਹੈ ਕਿ ਤੁਸੀਂ ਪੁਲਿਸ ਅਫਸਰ ਦੀ ਬੇਨਤੀ ਦੀ ਪਾਲਣਾ ਕਰੋ।

ਪੁਲਿਸ ਨੀਤੀ ਦੇ ਅਨੁਸਾਰ, ਸਭਿਆਚਾਰਕ ਜਾਂ ਧਾਰਮਕ ਕਾਰਨਾਂ ਕਰਕੇ ਆਪਣਾ ਚਿਹਰਾ ਕਵਰ ਕਰਨ ਵਾਲੇ ਲੋਕਾਂ ਨਾਲ ਪੇਸ਼ ਆਉਣ ਵੇਲੇ, ਪੁਲਿਸ ਅਫਸਰਾਂ ਲਈ ਇਹ ਜ਼ਰੂਰੀ ਹੈ ਕਿ ਉਹ ਇਹ ਯਕੀਨੀ ਬਣਾਉਨ ਕੀ ਉਹ ਉਸ ਵਿਅਕਤੀ ਦੇ ਵਿਚਾਰਾਂ ਵੱਲ ਸੰਵੇਦਨਸ਼ੀਲਤਾ ਨਾਲ ਪੇਸ਼ ਆਉਂਦੇ ਹਨ।

## ਜੇਕਰ ਮੈਂ ਪਾਲਣਾ ਕਰਨ ਤੋਂ ਇਨਕਾਰ ਕਰਦਾ/ਕਰਦੀ ਹਾਂ, ਤਾਂ ਕੀ ਹੁੰਦਾ ਹੈ?

ਪੁਲਿਸ ਅਫਸਰ ਦੇ ਬੇਨਤੀ ਕਰਨ ਤੇ ਆਪਣੇ ਚਿਹਰੇ ਦੇ ਕਵਰ ਨੂੰ ਹਟਾਉਣ ਜਾਂ ਇਸਨੂੰ ਠੀਕ ਕਰਨ ਤੋਂ ਇਨਕਾਰ ਕਰਨਾ ਇੱਕ ਅਪਰਾਧ ਹੈ। ਪਾਲਣਾ ਕਰਨ ਤੋਂ ਇਨਕਾਰ ਕਰਨ ਕਰਕੇ ਤੁਹਾਨੂੰ ਹਿਰਾਸਤ ਵਿੱਚ ਲਿਆ ਜਾ ਸਕਦਾ ਹੈ ਅਤੇ ਤੁਹਾਡੇ ਤੇ ਆਰੋਪ ਲਗਾਏ ਜਾ ਸਕਦੇ ਹਨ।

ਪਾਲਣਾ ਕਰਨ ਤੋਂ ਇਨਕਾਰ ਕਰਨ ਦਾ ਅਧਿਕਤਮ ਡੰਡ ਕਰਕੇ 12 ਮਹੀਨਿਆਂ ਲਈ ਜੇਲ ਦੀ ਸਜ਼ਾ ਹੋ ਸਕਦੀ ਹੈ।

## ਕੀ ਮੈਂ ਪੁਲਿਸ ਅਫਸਰ ਤੋਂ ਉਸਦੀ ਬੇਨਤੀ ਨੂੰ ਸਮਝਾਉਣ ਲਈ ਬਿਨੈ ਕਰ ਸਕਦਾ/ਸਕਦੀ ਹਾਂ?

ਹਾਂ, ਤੁਸੀਂ ਪੁਲਿਸ ਅਫਸਰ ਨੂੰ ਬਿਨੈ ਕਰ ਸਕਦੇ/ਸਕਦੀ ਹੋ ਕਿ ਉਹ ਚਿਹਰੇ ਦੇ ਕਵਰ ਨੂੰ ਹਟਾਉਣ ਜਾਂ ਠੀਕ ਕਰਨ ਦੀ ਆਪਣੀ ਬੇਨਤੀ ਨੂੰ ਸਮਝਾਏ। ਇੱਕ ਆਮ ਨਿਯਮ ਦੇ ਤੌਰ ਤੇ, ਪੁਲਿਸ ਅਫਸਰਾਂ ਨੂੰ ਅਜਿਹੀਆਂ ਬੇਨਤੀਆਂ ਨੂੰ ਹਮੇਸ਼ਾ ਸਮਝਾਉਣਾ ਚਾਹੀਦਾ ਹੈ।

ਜੇਕਰ ਤੁਹਾਨੂੰ ਅੰਗਰੇਜ਼ੀ ਸਮਝਣ ਵਿੱਚ ਮੁਸ਼ਕਲ ਆਉਂਦੀ ਹੈ, ਤਾਂ ਇੱਕ ਦੁਭਾਸ਼ੀਏ ਦਾ ਪ੍ਰਯੋਗ ਕੀਤਾ ਜਾ ਸਕਦਾ ਹੈ ਤਾਂਜੋ ਅਫਸਰ ਨੂੰ ਇਸ ਗਲੋਂ ਸੰਤੁਸ਼ਟ ਹੋਣ ਵਿੱਚ ਮਦਦ ਮਿਲ ਸਕੇ ਕਿ ਤੁਸੀਂ ਇਹ ਸਮਝਦੇ/ਸਮਝਦੀ ਹੋ ਕਿ ਤੁਹਾਡੇ ਲਈ ਕੀ ਕਰਨਾ ਜ਼ਰੂਰੀ ਹੈ ਅਤੇ ਤੁਹਾਡੇ ਲਈ ਅਜਿਹਾ ਕਰਨਾ ਕਿਉਂ ਜ਼ਰੂਰੀ ਹੈ।